# ਐਮਰਜੈਂਸੀ ਦੀ 35ਵੀਂ ਵਰ੍ਹੇਗੰਢ

ਜੂਨ 26, 1975 ਨੂੰ ਇੰਦਰਾ ਗਾਂਧੀ ਨੇ ਹਿੰਦੁਸਤਾਨ ਵਿਚ ਐਮਰਜੈਂਸੀ ਦਾ ਐਲਾਨ ਕੀਤਾ ਅਤੇ ਪਾਰਲੀਮੈਂਟ ਨੂੰ ਬਰਖ਼ਾਸਤ ਕਰ ਦਿਤਾ। ਅਖ਼ਬਾਰਾਂ ਤੇ ਸੈਂਸਰਸ਼ਿਪ ਨਾਲ ਪਾਬੰਦੀ ਲਾ ਦਿਤੀ ਗਈ। ਲੱਖਾਂ ਹੀ ਲੋਕਾਂ ਨੂੰ ਬਿਨਾਂ ਕਿਸੇ ਕਸੂਰ ਦੇ ਜੇਲ੍ਹ ਦੀਆਂ ਕੋਠੜੀਆਂ ਵਿਚ ਧੱਕ ਦਿਤਾ ਗਿਆ। ਇੰਦਰਾ ਗਾਂਧੀ ਜਾਂ ਉਸ ਦੀ ਸਰਕਾਰ ਦੇ ਖ਼ਿਲਾਫ਼ ਗੱਲ ਕਰਨ ਵਾਲਿਆਂ ਨੂੰ ਜੇਲ੍ਹਾਂ ਦੀ ਹਵਾ ਖਾਣੀ ਪਈ ਤੇ ਕਈ ਤਰ੍ਹਾਂ ਦੇ ਤਸੀਹੇ ਸਹਿਣੇ ਪਏ। ਕਿਸੇ ਨੂੰ ਕੁਸਕਣ ਦੀ ਇਜਾਜ਼ਤ ਨਹੀਂ ਸੀ ਤੇ ਸਰਕਾਰ ਨੇ ਸਾਰੇ ਹਿੰਦੁਸਤਾਨ ਵਿਚ ਇਕ ਡਰ ਤੇ ਸਹਿਮ ਦਾ ਮਾਹੌਲ ਕਾਇਮ ਕਰਨ ਲਈ ਕੋਈ ਕਸਰ ਨਾ ਛੱਡੀ। ਸੰਜੇ ਗਾਂਧੀ ਦੇ ਗੁੰਡਿਆਂ ਦੇ ਟੋਲੇ ਹਰ ਪਾਸੇ ਲੋਕਾਂ ਨੂੰ ਧਮਕਾਉਣ ਤੇ ਡਰਾਉਣ ਲਈ ਹਰ ਹਰਬਾ ਵਰਤ ਰਹੇ ਸਨ। ਹਰੇਕ ਸ਼ਹਿਰੀ ਦੀ ਪੱਗ ਨੂੰ ਹੱਥ ਪਾਉਣ ਦਾ ਰਿਵਾਜ ਚਲਾ ਦਿਤਾ ਗਿਆ। ਪਰਿਵਾਰ ਨਿਯੋਜਨ ਦੇ ਬਹਾਨੇ ਹੇਠ ਲੋਕਾਂ ਤੇ ਅੰਨ੍ਹਾਂ ਤਸ਼ੱਦਦ ਢਾਇਆ ਗਿਆ। ਪੁਲੀਸ ਨੂੰ ਹੁਕਮ ਸੀ ਕਿ ਆਦਮੀਆਂ ਦੀਆਂ ਜ਼ਬਰਦਸਤੀ ਨਸਬੰਦੀ ਕਰ ਦਿਤੀ ਜਾਵੇ। ਕਈ ਥਾਵਾਂ ਤੇ ਪੁਲੀਸ ਨੇ ਸਿਨੇਮਾ ਨੂੰ ਘੇਰ ਕੇ ਹਰੇਕ ਨਿਆਣੇ ਸਿਆਣੇ ਦੀ ਨਸਬੰਦੀ ਜ਼ਬਰਦਸਤੀ ਕਰਵਾ ਦਿਤੀ। ਨਸਬੰਦੀ ਕਰਨ ਲਈ ਸਰਕਾਰੀ ਅਫਸਰਾਂ ਦੇ ਜਿੰਮੇ ਕੋਟੇ ਲਾ ਦਿਤੇ ਗਏ। ਹਰ ਪਾਸੇ ਤਾਨਾਸ਼ਾਹੀ ਦਾ ਬਾਜ਼ਾਰ ਗਰਮ ਸੀ।

ਹਿੰਦੁਸਤਾਨ ਦੇ ਬਾਹਰ ਵੀ ਸਰਕਾਰੀ ਸਫ਼ਾਰਤਖ਼ਾਨਿਆਂ ਤੋਂ ਸਰਕਾਰ ਦੇ ਨੁਮਾਇੰਦਿਆਂ ਨੇ ਇੰਦਰਾ ਗਾਂਧੀ ਦੇ ਖ਼ਿਲਾਫ਼ ਲਿਖਣ ਜਾਂ ਬੋਲਣ ਵਾਲਿਆਂ ਨੂੰ ਐਫ ਬੀ ਆਈ ਦੀ ਮਦਦ ਨਾਲ ਡਰਾਉਣਾ ਸ਼ੁਰੂ ਕਰ ਦਿਤਾ। ਐਮਰਜੈਂਸੀ ਦਾ ਵਿਰੋਧ ਕਰਨ ਵਾਲਿਆਂ ਦੇ ਪਾਸਪੋਸਟ ਰੱਦ ਕਰ ਦਿੱਤੇ ਗਏ। ਅਮਰੀਕਾ ਵਿਚ ਹਿੰਦੁਸਤਾਨ ਦੇ ਸਫ਼ੀਰ ਟੀ.ਐਨ.ਕੌਲ ਨੇ ਵੱਖ ਵੱਖ ਥਾਵਾਂ ਤੇ ਜਾ ਕੇ ਹਿੰਦੁਸਤਾਨ ਤੋਂ ਆਏ ਲੋਕਾਂ ਨੂੰ ਕਿਹਾ ਕਿ ਜਿਹੜਾ ਵੀ ਇੰਦਰਾ ਗਾਂਧੀ ਅਤੇ ਐਮਰਜੈਂਸੀ ਦਾ ਵਿਰੋਧ ਕਰਦਾ ਹੈ ਉਹ ਮੁਲਕ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਹੈ ਅਤੇ ਉਸਦਾ ਹੁੱਕਾ ਪਾਣੀ ਬੰਦ ਕਰ ਦੇਣਾ ਚਾਹੀਦਾ ਹੈ। ਸ਼ਿਕਾਗੋ ਵਿਚ ਪੜ੍ਹ ਰਹੇ ਹੀਰਾਮੰਤ ਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ। ਕਨੇਡਾ ਵਿਚ ਹਿੰਦੁਸਤਾਨ ਦੇ ਸਫ਼ੀਰ ਨੇ ਮੰਗ ਕੀਤੀ ਕਿ ਹਰਦਿਆਲ ਬੈਂਸ ਨੂੰ ਕੈਨੇਡਾ ਵਿਚੋਂ ਡਿਪੋਰਟ ਕਰ ਦਿਤਾ ਜਾਵੇ ਕਿਉਂਕਿ ਉਹ ਹਿੰਦੁਸਤਾਨ ਲਈ ਇਕ ਖ਼ਤਰਾ ਹੈ। ਇੰਗਲੈਂਡ ਅਤੇ ਹੋਰਨਾਂ ਥਾਂਵਾਂ ਤੇ ਵੀ ਹਿੰਦੁਸਤਾਨ ਦੀ ਸਰਕਾਰ ਨੇ ਲੋਕਾਂ ਨੂੰ ਡਰਾਉਣ ਦੀ ਬਹੁਤ ਕੋਸ਼ਿਸ਼ ਕੀਤੀ।

ਇੰਦਰਾ ਗਾਂਧੀ ਅਤੇ ਉਸਦੀ ਸਰਕਾਰ ਨੇ ਲੋਕਾਂ ਨੂੰ ਡਰਾਉਣ ਅਤੇ ਦਬਾਉਣ ਤੇ ਪੂਰਾ ਜ਼ੋਰ ਲਾਇਆ ਹੋਇਆ ਸੀ ਪਰ ਨਾ ਹਿੰਦੁਸਤਾਨ ਵਿਚ ਅਤੇ ਨਾ ਹੀ ਵਿਦੇਸ਼ਾਂ ਵਿਚ ਲੋਕ ਇਸ ਗੁੰਡਾ ਗਰਦੀ ਅਤੇ ਤਾਨਾਸ਼ਾਹੀ ਤੋਂ ਡਰੇ। ਲੋਕਾਂ ਨੇ ਇਸ ਤਾਨਾਸ਼ਾਹੀ ਦੇ ਖ਼ਿਲਾਫ਼ ਜ਼ਬਰਦਸਤ ਘੋਲ ਚਲਾਇਆ। ਹਿੰਦੁਸਤਾਨ ਵਿਚ ਐਮਰਜੈਂਸੀ ਖ਼ਿਲਾਫ਼ ਇਕ ਵੱਡਾ ਮੋਰਚਾ ਕਾਇਮ ਹੋ ਗਿਆ ਅਤੇ ਵਿਦੇਸ਼ਾਂ ਵਿਚ ਵਸਦੇ ਹਿੰਦੁਸਤਾਨੀਆਂ ਨੇ ਵੀ ਐਮਰਜੈਂਸੀ ਖ਼ਿਲਾਫ਼ ਜੱਦੋ-ਜਹਿਦ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਸਾਰੀ ਜੱਦੋ-ਜਹਿਦ ਅਤੇ ਵਿਰੋਧ ਕਰਕੇ ਇੰਦਰਾ ਗਾਂਧੀ ਅਤੇ ਉਸਦੀ ਸਰਕਾਰ ਨੂੰ 1977 ਵਿਚ ਐਮਰਜੈਂਸੀ ਖ਼ਤਮ ਕਰਨੀ ਪਈ। ਇਸ ਦੌਰਾਨ ਇਕ ਪੰਜਾਬੀ ਸ਼ਾਇਰ ਨੇ ਇੰਦਰਾ ਗਾਂਧੀ ਨੂੰ ਮੁਖ਼ਾਤਿਬ ਕਰਕੇ ਲਿਖਿਆ ਸੀ,

" ਤੂੰ ਐਮਰਜੈਂਸੀ ਲਾਉਨੀ ਏਂ ਤੇ ਝੁੱਗੀਆਂ ਨੂੰ ਢਾਉਨੀ ਏਂ
ਝੁੱਗੀਆਂ ਦੇ ਮਾਲਕ ਜਾਗ ਪਏ ਤੈਨੂੰ ਉਹ ਲਾਂਬੂ ਲਾਉਣਗੇ"

ਐਮਰਜੈਂਸੀ ਦੇ 35 ਸਾਲ ਬਾਅਦ ਅੱਜ ਮਨਮੋਹਨ ਸਿੰਘ ਦੀ ਕਾਂਗਰਸ ਪਾਰਟੀ ਦੀ ਸਰਕਾਰ ਐਮਰਜੈਂਸੀ ਦੇ ਐਲਾਨ ਤੋਂ ਬਗੈਰ ਹੀ, ਪਾਰਲੀਮੈਂਟ ਨੂੰ ਬਰਖ਼ਾਸਤ ਕਰੇ ਬਗੈਰ ਹੀ, ਐਮਰਜੈਂਸੀ ਦੇ ਵੇਲੇ ਵਾਲੀਆਂ ਹਰਕਤਾਂ ਕਰ ਰਹੀ ਹੈ। ਮਨਮੋਹਨ ਸਿੰਘ ਨੇ ਲੋਕਾਂ ਖ਼ਿਲਾਫ਼ ਜੰਗ ਹੋਰ ਤੇਜ਼ ਕਰ ਦਿਤਾ ਹੈ। ਜਿਹੜੇ ਵੀ ਲੋਕ ਹੱਕਾਂ ਲਈ ਘੋਲ ਕਰਦੇ ਹਨ ਉਨ੍ਹਾਂ ਨੂੰ ਮਾਓਵਾਦੀ, ਦਹਿਸ਼ਤਗਰਦ, ਅੱਤਵਾਦੀ ਕਹਿਕੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਮਨੀਪੁਰ, ਕਸ਼ਮੀਰ, ਬੰਗਾਲ, ਛੱਤੀਸਗੜ੍ਹ, ਉੜੀਸਾ, ਬਿਹਾਰ, ਪੰਜਾਬ ਅਤੇ ਹੋਰਨਾਂ ਥਾਂਵਾਂ ਤੇ ਹੱਕਾਂ ਲਈ ਲੜ ਰਹੇ ਲੋਕਾਂ ਨੂੰ ਮਾਓਵਾਦੀ ਕਹਿਕੇ ਪੁਲੀਸ ਅਤੇ ਫੌਜ ਵਲੋਂ ਜ਼ੁਲਮ ਢਾਇਆ ਜਾ ਰਿਹਾ ਹੈ। ਅਖ਼ਬਾਰਾਂ ਅਤੇ ਮੀਡੀਏ ਵਾਲਿਆਂ ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਇਨ੍ਹਾਂ ਘੋਲਾਂ ਬਾਰੇ ਬਿਲਕੁਲ ਚੁੱਪ ਰਹਿਣ ਅਤੇ ਜੇ ਕੋਈ ਆਵਾਜ਼ ਉਠਾਉਂਦਾ ਵੀ ਹੈ ਤਾਂ ਉਸ ਨੂੰ ਚੁਪ ਕਰਾਉਣ ਤੇ ਜ਼ੋਰ ਪਾਇਆ ਜਾਂਦਾ ਹੈ। ਮਿਸਾਲ ਦੇ ਤੌਰ ਤੇ ਪਿਛਲੇ ਕੁਝ ਅਰਸੇ ਤੋਂ ਮਸ਼ਹੂਰ ਲਿਖਾਰੀ ਅਰੁਨਧਾਤੀ ਰਾਏ ਸਰਕਾਰ ਦੇ ਤਸ਼ੱਦਦ ਦੇ ਖ਼ਿਲਾਫ਼ ਆਵਾਜ਼ ਉਠਾ ਰਹੀ ਹੈ। ਹੁਣ ਉਸਨੂੰ ਚੁਪ ਕਰਾਉਣ ਲਈ ਪੁਲੀਸ, ਵਜ਼ੀਰ ਅਤੇ ਹੋਰ ਅਫਸਰ ਸ਼ਰੇਆਮ ਧਮਕੀਆਂ ਦੇ ਰਹੇ ਹਨ।

ਲਗਦਾ ਹੈ ਕਿ ਹੋਰ ਜਾਬਰਾਂ ਵਾਂਗ ਮਨਮੋਹਨ ਸਿੰਘ ਅਤੇ ਉਸਦੀ ਸਰਕਾਰ ਨੇ ਵੀ ਤਾਰੀਖ਼ ਤੋਂ ਕੁਝ ਨਹੀਂ ਸਿਖਿਆ। ਤਾਰੀਖ਼ ਗਵਾਹ ਕਿ ਜਬਰ ਅਤੇ ਤਸ਼ੱਦਦ ਦੇ ਜ਼ੋਰ ਨਾਲ ਲੋਕਾਂ ਦੇ ਘੋਲਾਂ ਨੂੰ ਹਮੇਸ਼ਾਂ ਲਈ ਦਬਾਇਆ ਨਹੀਂ ਜਾ ਸਕਦਾ। ਲੋਕ ਆਪਣੇ ਹੱਕਾਂ ਦੀ ਜੱਦੋ-ਜਹਿਦ ਕਦੇ ਨਹੀਂ ਛੱਡ ਸਕਦੇ ਹਨ। ਲੋਕ ਆਪਣੇ ਮਸਲਿਆਂ ਦੇ ਹੱਲ ਲਈ ਹੁਣ ਪੁਰਜ਼ੋਰ ਘੋਲ ਚਲਾ ਰਹੇ ਹਨ। ਮਨਮੋਹਨ ਸਿੰਘ ਦੀ ਸਰਕਾਰ ਉਨ੍ਹਾਂ ਦੇ ਘੋਲਾਂ ਨੂੰ ਕੁਚਲ ਨਹੀਂ ਸਕਦੀ।